ਅਰਲੀ ਲਿਟਰੇਸੀ ਸਕਰੀਨਿੰਗ (ਪੜ੍ਹਨ-ਲਿਖਣ ਦੀ ਮੁੱਢਲੀ ਯੋਗਤਾ ਦੀ ਪਰਖ) ਕੀ ਹੈ?

ਅਰਲੀ ਲਿਟਰੇਸੀ ਸਕਰੀਨਿੰਗ (ਪੜ੍ਹਨ-ਲਿਖਣ ਦੀ ਮੁੱਢਲੀ ਯੋਗਤਾ ਦੀ ਪਰਖ) ਇੱਕ ਸਰਲ ਤਰੀਕਾ ਹੈ ਜੋ ਅਧਿਆਪਕਾਂ ਦੀ ਇਹ ਸਮਝਣ ਵਿੱਚ ਮਦਦ ਕਰਦਾ ਹੈ ਕਿ ਤੁਹਾਡਾ ਬੱਚਾ ਪੜ੍ਹਨ ਦੇ ਮੁੱਢਲੇ ਹੁਨਰ ਕਿਵੇਂ ਸਿੱਖ ਰਿਹਾ ਹੈ—ਜੋ ਕਿ ਪੜ੍ਹਨ ਲਿਖਣ ਦੀ ਯੋਗਤਾ ਦੇ ਵਿਕਾਸ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਇਹ ਸਿੱਖਣ ਸੰਬੰਧੀ ਮੁਸ਼ਕਲ ਦੀ ਪਛਾਣ ਕਰਨ ਜਾਂ ਤੁਹਾਡੇ ਬੱਚੇ ਦੀ ਵਿੱਦਿਅਕ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕਰਨ ਦਾ ਕੋਈ ਤਰੀਕਾ ਨਹੀਂ ਹੈ।

ਇਸ ਵਿੱਚ ਅੱਖਰਾਂ ਦੇ ਗਿਆਨ, ਆਵਾਜ਼ਾਂ ਦੀ ਸਮਝ ਅਤੇ ਸ਼ਬਦਾਂ ਨੂੰ ਪੜ੍ਹਨ ਵਰਗੇ ਹੁਨਰਾਂ ਨੂੰ ਦੇਖਿਆ ਜਾਂਦਾ ਹੈ।

ਅਰਲੀ ਲਿਟਰੇਸੀ ਸਕਰੀਨਿੰਗ (ਪੜ੍ਹਨ-ਲਿਖਣ ਦੀ ਮੁੱਢਲੀ ਯੋਗਤਾ ਦੀ ਪਰਖ) ਕਰਨ ਦੇ ਸਾਧਨ:

- ਸੰਖੇਪ ਅਤੇ ਵਰਤੋਂ ਕਰਨ ਵਿੱਚ ਸੌਖੇ ਹੁੰਦੇ ਹਨ
- ਖੋਜ ਅਤੇ ਵਿਦਿਆਰਥੀਆਂ ਦੇ ਅੰਕੜਿਆਂ ਦੀ ਵਰਤੋਂ ਕਰਕੇ ਤਿਆਰ ਕੀਤੇ ਗਏ ਹਨ
- ਕਲਾਸ-ਰੂਮ ਅਧਿਆਪਕਾਂ ਦੁਆਰਾ ਵਰਤੇ ਗਏ ਹਨ
- ਬੱਚਿਆਂ ਨੂੰ ਪੜ੍ਹਨ ਵਿੱਚ ਅੱਗੇ ਵਧਦੇ ਰਹਿਣ ਵਿੱਚ ਮਦਦ ਕਰਨ ਲਈ ਤਿਆਰ ਕੀਤੇ ਗਏ ਹਨ

ਅਰਲੀ ਲਿਟਰੇਸੀ ਸਕਰੀਨਿੰਗ (ਪੜ੍ਹਨ-ਲਿਖਣ ਦੀ ਮੁੱਢਲੀ ਯੋਗਤਾ ਦੀ ਪਰਖ) ਇਸ ਗੱਲ ਦੀ ਇੱਕ ਝਲਕ ਦਿੰਦੀ ਹੈ ਕਿ ਤੁਹਾਡਾ ਬੱਚਾ ਆਪਣੇ ਪੜ੍ਹਨ ਦੇ ਸਫ਼ਰ ਵਿੱਚ ਕਿੱਥੇ ਪਹੁੰਚਿਆ ਹੈ।



ਅਰਲੀ ਲਿਟਰੇਸੀ ਸਕਰੀਨਿੰਗ (ਪੜ੍ਹਨ-ਲਿਖਣ ਦੀ ਮੁੱਢਲੀ ਯੋਗਤਾ ਦੀ ਪਰਖ) ਮੇਰੇ ਬੱਚੇ ਦੀ ਕਿਵੇਂ ਮਦਦ ਕਰਦੀ ਹੈ?

ਅਰਲੀ ਲਿਟਰੇਸੀ ਸਕਰੀਨਿੰਗ (ਪੜ੍ਹਨ-ਲਿਖਣ ਦੀ ਮੁੱਢਲੀ ਯੋਗਤਾ ਦੀ ਪਰਖ) ਅਧਿਆਪਕਾਂ ਨੂੰ ਹਰੇਕ ਬੱਚੇ ਦੀ ਪੜ੍ਹਨ 'ਚ ਮੁਹਾਰਤ ਅਤੇ ਸਿੱਖਣ ਦੀਆਂ ਲੋੜਾਂ ਨੂੰ ਸਮਝਣ ਵਿੱਚ ਮਦਦ ਕਰਦੀ ਹੈ।

ਸਕਰੀਨਿੰਗ ਅਧਿਆਪਕਾਂ ਦੀ ਹੇਠ ਲਿਖਿਆਂ ਵਿੱਚ ਮਦਦ ਕਰਦੀ ਹੈ:

- ਉਹਨਾਂ ਵਿਦਿਆਰਥੀਆਂ ਦੀ ਪਛਾਣ ਕਰਨ ਵਿੱਚ ਜਿਨ੍ਹਾਂ ਨੂੰ ਪੜ੍ਹਨ ਲਈ ਵਧੇਰੇ ਸਹਾਇਤਾ ਦੀ ਲੋੜ ਹੋ ਸਕਦੀ ਹੈ
- ਪੂਰੀ ਕਲਾਸ, ਛੋਟੇ ਗਰੁੱਪਾਂ, ਜਾਂ ਖਾਸ ਵਿਦਿਆਰਥੀਆਂ ਲਈ ਪੜ੍ਹਨ ਲਈ ਹਦਾਇਤਾਂ ਦੀ ਯੋਜਨਾ ਬਣਾਉਣ ਵਿੱਚ
- ਸਮੇਂ ਦੇ ਨਾਲ ਵਿਦਿਆਰਥੀ ਦੇ ਪੜ੍ਹਨਾ ਸਿੱਖਣ ਵਿੱਚ ਹੋਏ ਸੁਧਾਰ ਨੂੰ ਦੇਖਣ ਵਿੱਚ
- ਵਿਦਿਆਰਥੀਆਂ ਨੂੰ ਬਿਹਤਰ ਢੰਗ ਨਾਲ ਸਿੱਖਣ ਵਿੱਚ ਮਦਦ ਕਰਨ ਲਈ ਸਿਖਾਉਣ ਵਿੱਚ ਅਦਲਾ-ਬਦਲੀ ਕਰਨ ਵਿੱਚ

ਅਰਲੀ ਲਿਟਰੇਸੀ ਸਕਰੀਨਿੰਗ (ਪੜ੍ਹਨ-ਲਿਖਣ ਦੀ ਮੁੱਢਲੀ ਯੋਗਤਾ ਦੀ ਪਰਖ) ਪੜ੍ਹਨ ਸੰਬੰਧੀ ਮੁਸ਼ਕਲਾਂ ਦੀ ਜਲਦੀ ਪਛਾਣ ਕਰਨ ਵਿੱਚ ਮਦਦ ਕਰਦੀ ਹੈ, ਤਾਂ ਜੋ ਤੁਰੰਤ ਸਹਾਇਤਾ ਸ਼ੁਰੂ ਕੀਤੀ ਜਾ ਸਕੇ।

ਇਸ ਨਾਲ ਤੁਹਾਡੇ ਬੱਚੇ ਨੂੰ ਚੰਗੀ ਤਰ੍ਹਾਂ ਪੜ੍ਹਨਾ-ਲਿਖਣਾ ਸਿੱਖਣ ਅਤੇ ਭਵਿੱਖ ਦੀ ਸਿੱਖਿਆ ਲਈ ਇੱਕ ਪੱਕੀ ਨੀਂਹ ਰੱਖਣ ਦਾ ਸਭ ਤੋਂ ਵਧੀਆ ਮੌਕਾ ਮਿਲਦਾ ਹੈ।

ਹੋਰ ਜਾਣਕਾਰੀ ਅਤੇ ਵਸੀਲਿਆਂ ਲਈ ਇੱਥੇ ਜਾਓ:
https://curriculum.gov.bc.ca/literacy-screening

[Punjabi]



ਅਰਲੀ ਲਿਟਰੇਸੀ ਸਕਰੀਨਿੰਗ (ਪੜ੍ਹਨ-ਲਿਖਣ ਦੀ ਮੁੱਢਲੀ ਯੋਗਤਾ ਦੀ ਪਰਖ)

ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਜਾਣਕਾਰੀ।

BRITISH COLUMBIA
Ministry of Education and Child Care



ਲਿਟਰੇਸੀ (ਪੜ੍ਹਨ-ਲਿਖਣ ਦੀ ਯੋਗਤਾ) ਕੀ ਹੈ?

ਲਿਟਰੇਸੀ ਤੁਹਾਡੇ ਬੱਚੇ ਦੀ ਭਾਸ਼ਾ ਨੂੰ ਸਮਝਣ ਅਤੇ ਵੱਖ-ਵੱਖ ਤਰੀਕਿਆਂ ਨਾਲ ਗੱਲ-ਬਾਤ ਕਰਨ ਦੀ ਯੋਗਤਾ ਹੈ।

ਲਿਟਰੇਸੀ (ਪੜ੍ਹਨ-ਲਿਖਣ ਦੀ ਯੋਗਤਾ) ਵਿੱਚ ਸ਼ਾਮਲ ਹਨ:

- ਬੋਲਣਾ ਅਤੇ ਸੁਣਨਾ
- ਸ਼ਬਦਾਵਲੀ ਵਧਾਉਣੀ
- ਲਿਖਤ ਨੂੰ ਪੜ੍ਹਨਾ ਅਤੇ ਸਮਝਣਾ
- ਵਿਚਾਰਾਂ ਨੂੰ ਲਿਖਤੀ ਰੂਪ ਵਿੱਚ ਪ੍ਰਗਟ ਕਰਨਾ
- ਕਹਾਣੀਆਂ ਅਤੇ ਜਾਣਕਾਰੀ ਨੂੰ ਸਮਝਣਾ

ਪੜ੍ਹਨ-ਲਿਖਣ ਦੀਆਂ ਯੋਗਤਾਵਾਂ ਉਹ ਸਾਧਨ ਹਨ ਜੋ ਪੂਰੇ ਜੀਵਨ ਲਈ ਸਿੱਖਣ ਦੇ ਦਰਵਾਜ਼ੇ ਖੋਲ੍ਹਦੀਆਂ ਹਨ।



ਲਿਟਰੇਸੀ (ਪੜ੍ਹਨ-ਲਿਖਣ ਦੀ ਯੋਗਤਾ) ਕਿਉਂ ਮਹੱਤਵਪੂਰਨ ਹੈ?

ਪੜ੍ਹਨ-ਲਿਖਣ ਦੀ ਯੋਗਤਾ 'ਚ ਮਜ਼ਬੂਤ ਮੁਹਾਰਤ ਉਮਰ ਭਰ ਸਿੱਖਣ ਅਤੇ ਤੰਦਰੁਸਤੀ ਵਿੱਚ ਸਹਾਇਕ ਹੁੰਦੀ ਹੈ।

ਸਿੱਖਣ ਵਿੱਚ ਸਫਲਤਾ

ਪੜ੍ਹਨ-ਲਿਖਣ ਦੀ ਯੋਗਤਾ 'ਚ ਮਜ਼ਬੂਤ ਮੁਹਾਰਤ ਵਾਲੇ ਬੱਚੇ ਇਹ ਕਰਨ ਵਿੱਚ ਬਿਹਤਰ ਹੁੰਦੇ ਹਨ:

- ਕਲਾਸ ਦੇ ਪਾਠਾਂ ਨੂੰ ਸਮਝਣ ਵਿੱਚ
- ਨਵੇਂ ਵਿਸ਼ੇ ਸਿੱਖਣ ਵਿੱਚ
- ਬੋਲ ਕੇ ਅਤੇ ਲਿਖ ਕੇ ਆਪਣੇ ਵਿਚਾਰ ਸਾਂਝੇ ਕਰਨ ਵਿੱਚ
- ਆਪਣੇ ਕੰਮ (ਅਸਾਈਨਮੈਂਟਾਂ) ਆਪਣੇ ਆਪ ਪੂਰੇ ਕਰਨ ਵਿੱਚ
- ਸਕੂਲ ਵਿੱਚ ਸਰਗਰਮ ਅਤੇ ਉਤਸ਼ਾਹਿਤ ਰਹਿਣ ਵਿੱਚ

ਸਿਹਤ ਅਤੇ ਤੰਦਰੁਸਤੀ

ਪੜ੍ਹਨ-ਲਿਖਣ ਦੀ ਯੋਗਤਾ 'ਚ ਮਜ਼ਬੂਤ ਮੁਹਾਰਤ ਵਾਲੇ ਬੱਚਿਆਂ ਵਿੱਚ ਇਹ ਕਰਨ ਦੀ ਸੰਭਾਵਨਾਂ ਵੀ ਜ਼ਿਆਦਾ ਹੋਵੇਗੀ:

- ਆਤਮ-ਵਿਸ਼ਵਾਸ ਅਤੇ ਸਵੈ-ਮਾਣ ਪੈਦਾ ਕਰਨ ਦੀ
- ਸਿਹਤ ਅਤੇ ਸੁਰੱਖਿਆ ਸੰਬੰਧੀ ਜਾਣਕਾਰੀ ਨੂੰ ਸਮਝਣ ਦੀ
- ਆਤਮ-ਨਿਰਭਰਤਾ ਅਤੇ ਸਮੱਸਿਆਵਾਂ ਨੂੰ ਹੱਲ ਕਰਨ 'ਚ ਮੁਹਾਰਤ ਬਣਾਉਣ ਦੀ
- ਯਾਦਦਾਸ਼ਤ, ਧਿਆਨ ਲਾਉਣ ਅਤੇ ਇਕਾਗਰਤਾ ਵਰਗੇ ਹੁਨਰਾਂ ਨੂੰ ਮਜ਼ਬੂਤ ਕਰਨ ਦੀ

ਬਾਅਦ ਦੀ ਜ਼ਿੰਦਗੀ ਵਿੱਚ, ਪੜ੍ਹਨ-ਲਿਖਣ ਦੀ ਯੋਗਤਾ ਲੋਕਾਂ ਦੀ ਇਹਨਾਂ ਕੰਮਾਂ ਵਿੱਚ ਮਦਦ ਕਰਦੀ ਹੈ

- ਨੌਕਰੀਆਂ ਲਈ ਅਰਜ਼ੀ ਦੇਣ
- ਨਵੇਂ ਹੁਨਰ ਸਿੱਖਣਾ ਜਾਰੀ ਰੱਖਣ
- ਦੂਜਿਆਂ ਨਾਲ ਸਮਾਜਕ ਸੰਬੰਧ ਬਣਾਉਣ
- ਆਪਣੇ ਭਾਈਚਾਰਿਆਂ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣ

ਬੱਚੇ ਪੜ੍ਹਨ-ਲਿਖਣ ਦੀ ਯੋਗਤਾ 'ਚ ਮੁਹਾਰਤ ਕਿਵੇਂ ਸਿੱਖਦੇ ਹਨ?

ਪੜ੍ਹਨ-ਲਿਖਣ ਦੀ ਯੋਗਤਾ 'ਚ ਮੁਹਾਰਤ ਦੇ ਵਿਕਾਸ ਲਈ ਸਮਾਂ, ਸਿੱਖਿਆ ਅਤੇ ਅਭਿਆਸ ਦੀ ਲੋੜ ਹੁੰਦੀ ਹੈ।

ਬੱਚੇ:

- ਵੱਖ-ਵੱਖ ਰਫਤਾਰ ਨਾਲ ਸਿੱਖਣਗੇ
- ਪੜ੍ਹਨ-ਲਿਖਣ ਦੇ ਕੁਝ ਹਿੱਸਿਆਂ ਨੂੰ ਦੂਜਿਆਂ ਦੇ ਮੁਕਾਬਲੇ ਆਸਾਨੀ ਨਾਲ ਸਮਝਣਗੇ
- ਸਮੇਂ ਦੇ ਨਾਲ ਮੁਹਾਰਤ ਬਣਾਉਣਗੇ
- ਵੱਖ-ਵੱਖ ਤਰੀਕਿਆਂ ਨਾਲ ਤਰੱਕੀ ਦਿਖਾਉਣਗੇ

ਕੁਝ ਬੱਚਿਆਂ ਨੂੰ ਵਧੇਰੇ ਸਮੇਂ ਅਤੇ ਅਭਿਆਸ ਦੀ ਲੋੜ ਹੁੰਦੀ ਹੈ।

ਇਸ ਦਾ ਮਤਲਬ ਇਹ *ਨਹੀਂ* ਹੈ ਕਿ ਉਹ ਸਮੇਂ ਦੇ ਨਾਲ ਪੜ੍ਹਨ-ਲਿਖਣ ਦੀ ਯੋਗਤਾ 'ਚ ਮਜ਼ਬੂਤ ਮੁਹਾਰਤ ਨਹੀਂ ਬਣਾ ਸਕਣਗੇ।

ਸ਼ੁਰੂਆਤੀ ਸਹਾਇਤਾ ਬਹੁਤ ਫਰਕ ਪਾਉਂਦੀ ਹੈ, ਅਤੇ ਮਦਦ ਕਰਨ ਲਈ ਸਕੂਲ ਹੁੰਦੇ ਹਨ!

ਘਰ ਵਿੱਚ ਵੀ ਪੜ੍ਹਨਾ-ਲਿਖਣਾ ਸਿੱਖਿਆ ਜਾ ਸਕਦਾ ਹੈ। ਇਕੱਠੇ ਪੜ੍ਹਨਾ ਇਹ ਯੋਗਤਾਵਾਂ ਬਣਾਉਣ ਦਾ ਇੱਕ ਵਧੀਆ ਤਰੀਕਾ ਹੈ।